**ਪੰਜਾਬ ਤੋਂ ਜੌਰਜੀਆ ਵੱਲ ਖੇਤੀ ਸਵਰਗ ਲਈ ਕਿਸਾਨਾਂ ਦਾ ਕੂਚ**

CCA Immigration ਅਤੇ Education ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸ. ਡੀ. ਐਸ. ਖਹਿਰਾ ਨੇ ਦੱਸਿਆ ਕਿ ਅੱਜ ਕੱਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚੋਂ ਛੋਟੇ ਕਿਸਾਨਾਂ ਦਾ ਜੌਰਜੀਆ ਜਾਣ ਵਾਸਤੇ ਤਾਂਤਾ ਲੱਗਾ ਹੋਇਆ ਹੈ। ਇਹ ਉਹ ਕਿਸਾਨ ਹਨ, ਜਿਨਾਂ ਕੋਲ ਆਪਣੀ ਵਾਹੀਯੋਗ ਜ਼ਮੀਨ ਵਿੱਚੋਂ ਪਰਿਵਾਰ ਦਾ ਪਾਲਣ ਪੋਸ਼ਣ ਮੁਸ਼ਕਿਲ ਹੋ ਰਿਹਾ ਹੈ ਅਤੇ ਵੱਖ-ਵੱਖ ਏਜੰਸੀਆਂ ਦੇ ਕਰਜੇ ਥੱਲੇ ਦੱਬੇ ਹੋਏ ਹਨ। ਇਹ ਕਿਸਾਨ ਜੋਰਜੀਆ ਵਿੱਚ ਜਮੀਨ ਖਰੀਦ ਕੇ ਖੇਤੀ ਰਾਹੀਂ ਆਪਣਾ ਤੇ ਆਪਣੇ ਪਰਿਵਾਰ ਦਾ ਭਵਿੱਖ ਉੱਜਲ ਕਰਨਾ ਚਾਹੁੰਦੇ ਹਨ। ਜੌਰਜੀਆ ਰੂਸੀ ਨੇਤਾ ਸਟਾਲਿਨ ਦੇ ਜਨਮ ਅਸਥਾਨ ਦੇ ਨਾਂ ਤੇ ਜਾਣਿਆ ਜਾਂਦਾ ਹੈ ਅਤੇ ਉੱਥੇ ਹਜ਼ਾਰਾਂ ਦੀ ਤਾਦਾਦ ਵਿੱਚ ਕਿਸੇ ਸਮੇਂ ਦੇ ਰੂਸੀ ਸਾਂਝੇ ਫਾਰਮ ਬੇ-ਆਬਾਦ ਪਏ ਸਨ। ਪੰਜਾਬ ਅਤੇ ਹਰਿਆਣਾ ਵਿੱਚ ਜਿਉਂ-ਜਿਉਂ ਫਾਰਮ ਦੇ ਸਾਇਜ ਘੱਟ ਰਹੇ ਹਨ ਅਤੇ ਖੇਤੀ. ਡੇਅਰੀ ਆਦਿ ਵਿੱਚ ਲਾਭਕਾਰੀ ਨਾ ਹੋ ਕੇ ਨੁਕਸਾਨ ਦਾਇਕ ਬਣ ਰਹੇ ਹਨ ਅਤੇ ਪੰਜਾਬੀ ਕਿਸਾਨ ਕਿਸੇ ਵੱਡੀ ਰਾਹਤ ਲਈ ਜੌਰਜੀਆ ਵੱਲ ਸਸਤੀ ਜ਼ਮੀਨ ਖਰੀਦਣ ਲਈ ਕਾਫਿਲੇ ਬਣਾ ਕੇ ਕੂਚ ਕਰ ਰਹੇ ਹਨ।

ਹਾਲ ਵਿੱਚ ਹੀ ਜੌਰਜੀਆ ਸਰਕਾਰ ਨੇ ਇੱਕ ਲੱਖ ਏਕੜ ਭੂਮੀ ਨੂੰ ਪ੍ਰਾਈਵੇਟ ਹੱਥਾਂ ਵਿੱਚ ਵੇਚਣ ਲਈ (40, 000 ਹੈਕਟੇਅਰ ਕਿਸਾਨਾਂ ਤੇ ਉੱਦਮੀਆਂ ਲਈ) ਮੁਹੱਈਅਆ ਕਰਵਾਈ ਹੈ ਤਾਂ ਕਿ ਦੂਜੇ ਮੁਲਕਾਂ ਤੋਂ ਆਏ ਕਿਸਾਨ ਜੌਰਜੀਆ ਦੀ ਖੇਤੀਬਾੜੀ ਤੇ ਆਧਾਰਿਤ ਆਰਥਿਕਤਾ ਵਿੱਚ ਮੁੜ ਜਾਨ ਪਾ ਸਕਣ। ਸ. ਡੀ. ਐਸ. ਖਹਿਰਾ ਨੇ ਦੱਸਿਆ ਕਿ ਜਿਲਾ ਤਰਨ ਤਾਰਨ ਵਿੱਚੋਂ ਗਏ ਕਿਸਾਨਾਂ ਨੇ 200 ਏਕੜ ਭੂਮੀ ਕਾਖੇਤੀ ਇਲਾਕੇ ਵਿੱਚ ਜੋ ਕਿ ਤਬਲਿਸੀ ਤੋਂ 150 ਕਿ. ਮੀ. ਦੂਰ ਹੈ, ਖਰੀਦੀ ਹੈ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਤਰਨ ਤਾਰਨ, ਜਲੰਧਰ ਦੇ ਨਕੋਦਰ, ਹੁਸ਼ਿਆਰਪੁਰ ਦੇ ਮਕੇਰੀਆਂ, ਪਟਿਆਲਾ ਦੇ ਸਮਾਣਾ ਅਤੇ ਰੋਪੜ ਦੇ ਮਾਛੀਵਾੜਾ ਹਲਕੇ ਵਿੱਚੋਂ ਜੌਰਜੀਆ ਸਰਕਾਰ ਦੇ ਇੱਕ ਅੰਦਾਜੇ ਮੁਤਾਬਿਕ 2000 ਕਿਸਾਨ ਉਥੇ ਵੱਸ ਚੁੱਕੇ ਹਨ ਅਤੇ ਇੱਕ ਗੁਰਦੁਆਰਾ ਸਾਹਿਬ ਵੀ ਕਾਖੇਤੀ ਇਲਾਕੇ ਵਿੱਚ ਸਥਾਪਿਤ ਹੋ ਚੁੱਕਿਆ ਹੈ। ਸ. ਡੀ. ਐਸ. ਖਹਿਰਾ ਨੇ ਅੱਗੇ ਚੱਲ ਕੇ ਦੱਸਿਆ ਕਿ ਉਨਾਂ ਕੋਲ ਵੱਖ-ਵੱਖ ਸਿੱਖ ਸੰਪ੍ਰਦਾਵਾਂ ਵੱਲੋਂ ਤਾਲਮੇਲ ਕੀਤਾ ਗਿਆ ਹੈ ਤਾਂ ਕਿ ਵੀਜੇ ਲੈ ਕੇ ਅਲੱਗ-ਅਲੱਗ ਸੰਪ੍ਰਦਾਵਾਂ ਦੇ ਹੋਰ ਗੁਰਦੁਆਰੇ ਸਥਾਪਿਤ ਕੀਤੇ ਜਾ ਸਕਣ। ਜਿਥੋਂ ਤੱਕ ਜਮੀਨ ਦੇ ਰੇਟ ਦਾ ਸਵਾਲ ਹੈ ਸ. ਡੀ. ਐਸ. ਖਹਿਰਾ ਨੇ ਦੱਸਿਆ ਕਿ ਪੰਜਾਬ ਵਿੱਚ ਇੱਕ ਏਕੜ ਜ਼ਮੀਨ ਵੇਚ ਕੇ ਜੌਰਜੀਆ ਵਿੱਚ ਘੱਟੋ-ਘੱਟ 40 ਏਕੜ ਜ਼ਮੀਨ ਖਰੀਦੀ ਜਾ ਸਕਦੀ ਹੈ। ਪ੍ਰਤੀ ਏਕੜ ਰੇਟ 300 ਡਾਲਰ ਤੋਂ 500 ਡਾਲਰ ਪ੍ਰਤੀ ਏਕੜ ਤੱਕ ਰਹਿੰਦਾ ਹੈ। ਪੰਜਾਬ ਤੋਂ ਕਿਸਾਨ ਗਰੁੱਪਾਂ ਦੀ ਸ਼ਕਲ ਵਿੱਚ ਰਲ ਕੇ 200 ਤੋਂ 500 ਏਕੜ ਤੱਕ ਸਾਈਜ ਦੇ ਫਾਰਮ ਖਰੀਦ ਰਹੇ ਹਨ ਤਾਂ ਕਿ ਆਉਂਦੇ ਸਮੇਂ ਵਿੱਚ ਕੋਈ ਘਾਟਾ ਵੀ ਸਾਂਝੇ ਤੌਰ ਤੇ ਬਰਦਾਸ਼ਤ ਕੀਤਾ ਜਾ ਸਕੇ। ਖੁਸ਼ੀ ਦੀ ਗੱਲ ਹੈ ਕਿ ਇਹ ਸਾਰੇ ਕਿਸਾਨ ਇਸ ਸਾਲ ਜੌਰਜੀਆ ਵਿੱਚ ਕਣਕ ਦੀ ਭਰਪੂਰ ਫਸਲ ਵੱਢਣਗੇ। ਸ. ਡੀ. ਐਸ. ਖਹਿਰਾ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਨੇ ਉਨਾਂ ਦੀ ਕੰਪਨੀ CCA ਰਾਹੀਂ ਜ਼ਮੀਨ ਖਰੀਦੀ ਹੈ ਉਨਾਂ ਦੇ ਟਰੈਕਟਰ ਅਤੇ ਖੇਤੀਬਾੜੀ ਦੇ ਹੋਰ ਸੰਦ ਕਲਟੀਵੇਟਰ, ਡਰਿਲ ਮਸ਼ੀਨ ਆਦਿ ਕੰਨਟੇਨਰਾਂ ਰਾਹੀਂ ਜੌਰਜੀਆ ਪਹੰਚਾਉਣ ਲਈ ਮਦਦ ਕੀਤੀ ਹੈ। CCA ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਜੌਰਜੀਆ ਵਿੱਚ ਜ਼ਮੀਨ ਖਰੀਦਣ ਵਾਲੇ ਕਿਸਾਨਾਂ ਲਈ ਇਹ ਸਹੂਲਤ ਜਾਰੀ ਰਹੇਗੀ ਕਿਉਂਕਿ ਸ. ਡੀ. ਐਸ. ਖਹਿਰਾ ਆਪਣੇ ਜੌਰਜੀਆ ਵਿੱਚਲੇ ਭਾਈਵਾਲਾਂ ਰਾਹੀਂ ਉਥੋਂ ਦੀ ਸਰਕਾਰ ਤੋਂ ਟਰੈਕਟਰ ਅਤੇ ਖੇਤੀ ਕਰਨ ਵਾਲੇ ਸੰਦ, ਕਲਟੀਵੇਟਰ, ਡਰਿਲ ਮਸ਼ੀਨਾਂ ਆਦਿ ਲਿਜਾਣ ਉੱਤੇ ਹਰ ਤਰਾਂ ਦੇ ਟੈਕਸ ਮੁਆਫ ਕਰਾਉਣ ਵਿੱਚ ਕਾਮਯਾਬ ਰਹੇ ਹਨ। ਸ. ਡੀ. ਐਸ. ਖਹਿਰਾ ਨੇ ਅੱਗੇ ਚੱਲ ਕੇ ਦੱਸਿਆ ਕਿ ਉਨਾਂ ਦੀ Education ਸੰਬੰਧੀ ਕੰਪਨੀ Canadian Institute ਵੱਲੋਂ ਇਸੇ ਸਾਲ ਜੌਰਜੀਆ ਵਿੱਚ ਅੰਗਰੇਜੀ, ਪੰਜਾਬੀ ਅਤੇ ਜੌਰਜੀਆ ਭਾਸ਼ਾ ਦੀ ਪੜਾਈ ਵਾਲਾ ਅੰਗਰੇਜੀ ਮਾਧਿਅਮ ਸਕੂਲ 2013 ਵਿੱਚ ਖੋਲਿਆ ਜਾ ਰਿਹਾ ਹੈ ਜਿਸ ਲਈ

ਜ਼ਮੀਨ ਪ੍ਰਾਪਤ ਕੀਤੀ ਜਾ ਚੁੱਕੀ ਹੈ ਅਤੇ ਲਾਇਸੰਸ ਛੇਤੀ ਹੀ ਮਿਲ ਜਾਵੇਗਾ। ਤਾਂ ਕਿ ਪੰਜਾਬੀ ਕਿਸਾਨਾਂ ਦੇ ਬੱਚਿਆਂ ਨੂੰ ਪੜਣ ਵਿੱਚ ਕੋਈ ਦਿੱਕਤ ਨਾ ਆਵੇ। CCA Company ਰਾਹੀਂ ਜਾ ਕੇ ਜਿਥੇ ਕਿਸਾਨਾਂ ਨੇ ਜ਼ਮੀਨ ਖਰੀਦੀ ਹੈ, ਉਥੇ ਕਈ ਬਿਜਨੈੱਸ ਵਾਲੇ ਲੋਕਾਂ ਨੇ ਰੈਸਟੋਰੈਂਟ, ਗਰੋਸਰੀ ਸਟੋਰ, ਬੇਕਰੀ, ਟਰੱਕ ਟਰਾਲਾ ਅਤੇ ਟੈਕਸੀ ਜਿਹੇ ਹੋਰ ਕਈ ਛੋਟੇ ਧੰਦੇ ਸ਼ੁਰੂ ਕੀਤੇ ਹਨ।